بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ     وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in** ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁਲਾਮਿ ਸਾਦਿਕ਼ ਦੀ ਇਬਾਦਤਿ ਇਲਾਹੀ ਦਾ ਦਿਲ ਨਸ਼ੀਨ ਅਤੇ ਇਮਾਨ ਅਫ਼ਰੋਜ਼ ਤਜ਼ਕਿਰਾ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 20 ਫ਼ਰਵਰੀ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਅੱਲਾਹ ਤਆਲਾ ਦੇ ਫ਼ਜ਼ਲ ਨਾਲ ਕੱਲ ਤੋਂ **ਰਮਜ਼ਾਨ** ਸ਼ੁਰੂ ਹੈ। ਇਹ ਰੋਜ਼ਿਆਂ ਦਾ ਮਹੀਨਾ ਅੱਲਾਹ ਤਆਲਾ ਨੇ ਸਾਨੂੰ ਖ਼ਾਸ ਤੌਰ 'ਤੇ ਅੱਲਾਹ ਤਆਲਾ ਨਾਲ ਤਅੱਲੁਕ਼ ਜੋੜਨ ਅਤੇ ਆਪਣੇ ਰੂਹਾਨੀ ਸੁਧਾਰ ਦੇ ਲਈ ਮੁਹਈਆ ਫ਼ਰਮਾਇਆ ਹੈ। ਅੱਲਾਹ ਤਆਲਾ ਇਸ ਮਹੀਨੇ ਤੋਂ ਹਰ ਅਹਿਮਦੀ ਨੂੰ ਜ਼ਿਆਦਾ ਤੋਂ ਜ਼ਿਆਦਾ ਫ਼ਾਇਦਾ ਉਠਾਉਣ ਦੀ ਤੌਫ਼ੀਕ਼ ਦੇਵੇ। ਲੇਕਿਨ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਹਕ਼ੀਕ਼ੀ ਫ਼ਾਇਦਾ ਤਦ ਹੀ ਹੁੰਦਾ ਹੈ ਜਦ ਰਮਜ਼ਾਨ ਦੇ ਬਾਅਦ ਵੀ ਅਸੀਂ ਮੁਹੱਬਤਿ ਇਲਾਹੀ ਅਤੇ ਇਬਾਦਤ ਦੇ ਮਿਆਰ ਕ਼ਾਇਮ ਰੱਖੀਏ ਬਲਕਿ ਬੁਲੰਦ ਕਰਨ ਦੀ ਕੋਸ਼ਿਸ਼ ਕਰੀਏ ਤਦ ਹੀ ਅਸੀਂ ਆਪਣੀ ਪੈਦਾਇਸ਼ ਦੇ ਮਕ਼ਸਦ ਨੂੰ ਵੀ ਪੂਰਾ ਕਰਨ ਵਾਲੇ ਹੋਵਾਂਗੇ।

ਪਿਛਲੇ ਕੁੱਝ ਜੁਮਇਆਂ ਤੋਂ ਮੈਂ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਹੱਬਤਿ ਇਲਾਹੀ, ਇਬਾਦਤ ਦੇ ਤਰੀਕ਼ੇ, ਮਿਆਰ ਅਤੇ ਮੋਮਿਨਾਂ ਨੂੰ ਇਸ 'ਤੇ ਅਮਲ ਕਰਨ ਦੀ ਜਿਹੜੀਆਂ ਆਪ ﷺ ਨੇ **ਨਸੀਹਤਾਂ** ਅਤੇ **ਹਿਦਾਇਤਾਂ** ਫ਼ਰਮਾਈਆਂ ਹਨ, ਉਨ੍ਹਾਂ ਦੇ ਬਾਰੇ ਬਿਆਨ ਕਰ ਰਿਹਾ ਹਾਂ। ਫਿਰ ਆਪ ﷺ ਦੇ ਗ਼ੁਲਾਮਿ ਸਾਦਿਕ਼ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਆਪ ﷺ ਦੇ ਉਸਵੇ ਦੀ ਹੀ ਪੈਰਵੀ ਦੇ ਵਾਕ਼ਿਆਤ ਬਿਆਨ ਕੀਤੇ ਸਨ। ਇਹ ਵਿਸ਼ਾ ਅਜੇ ਵੀ ਚੱਲ ਰਿਹਾ ਹੈ ਅਤੇ ਅੱਜ ਰਮਜ਼ਾਨ ਦੀ ਮੁਨਾਸਬਤ ਨਾਲ ਵੀ ਇਹੀ ਚੱਲਦਾ ਰਹੇਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ: ਸਿਰਫ਼ ਇਹੀ ਨਾ ਹੋਵੇ ਕਿ ਅਸੀਂ ਇਨ੍ਹਾਂ ਵਾਕ਼ਿਆਤ ਨੂੰ ਸੁਣੀਏ ਅਤੇ ਖ਼ੁਸ਼ ਹੋਈਏ ਬਲਕਿ ਇਹ ਸਾਡੇ ਲਈ **ਰਹਿਨੁਮਾ** ਹੋਣੇ ਚਾਹੀਦੇ ਹਨ। ਹਜ਼ੂਰ ਅਨਵਰ ਨੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਵਾਕ਼ਿਆਤ ਵਿੱਚ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਿਮਦ ਰਜ਼ਿ ਅੱਲਾਹੁ ਅਨਹੁ ਦੇ ਮੌਲਵੀ ਮੁਹੰਮਦ ਅਬਦੁੱਲਾਹ ਸਾਹਿਬ ਬਟਾਲਵੀ ਰਜ਼ਿ ਅੱਲਾਹੁ ਅਨਹੁ ਦੇ ਬਿਆਨ ਬਾਰੇ ਰਿਵਾਇਤ ਪੇਸ਼ ਕਰਦੇ ਹੋਏ ਫ਼ਰਮਾਇਆ: ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੇ ਤਅੱਲੁਕ਼ ਬਿੱਲਾਹ (ਅਲਾਹ ਨਾਲ ਸੰਬੰਧ), ਤਕ਼ਵਾ, ਤਹਾਰਤ (ਪਵਿੱਤਰਤਾ) ਅਤੇ ਇਬਾਦਤ ਵਿੱਚ ਰੁਚੀ 'ਤੇ ਰੋਸ਼ਨੀ ਪੈਂਦੀ ਹੈ, ਇਸ ਲਈ ਮੈਂ ਇਸ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ।

ਅਮਤੁੱਰ੍ ਰਹਿਮਾਨ ਸਾਹਿਬਾ ਰਜ਼ਿ ਅੱਲਾਹੁ ਅਨਹੁ ਨੇ ਬਿਆਨ ਕੀਤਾ ਕਿ ਇੱਕ ਦਿਨ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਅਤੇ ਹਜ਼ਰਤ ਉੱਮੁਲ ਮੋਮਿਨੀਨ ਰਜ਼ਿ ਅੱਲਾਹੁ ਅਨਹੁ ਨੇ ਇਹ **ਤਜੁਰਬਾ** ਕਰਨਾ ਚਾਹਿਆ ਕਿ ਦੇਖੀਏ ਕਿ ਅੱਖਾਂ ਬੰਦ ਕਰਕੇ ਕਾਗ਼ਜ਼ 'ਤੇ ਲਿਖਿਆ ਜਾ ਸਕਦਾ ਹੈ ਜਾਂ ਨਹੀਂ। ਚੁਨਾਂਚਿ ਇੱਕ ਕਾਗ਼ਜ਼ ਦਾ ਟੁਕੜਾ ਫੜ ਕੇ ਉਸ 'ਤੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਇਹ ਇਬਾਰਤ ਲਿਖੀ ਜਿਹੜੀ ਮੈਨੂੰ ਹਰਫ਼-ਬ-ਹਰਫ਼ ਯਾਦ ਹੈ। ਹਜ਼ੂਰ ਨੇ

ਅੱਖਾਂ ਬੰਦ ਕਰਨ ਦੀ ਹਾਲਤ ਵਿੱਚ ਜੋ ਲਿਖਿਆ ਉਹ ਇਹ ਸੀ ਕਿ ਇਨਸਾਨ ਨੂੰ ਚਾਹੀਦਾ ਹੈ ਕਿ ਹਰ ਵੇਲੇ ਖ਼ੁਦਾ ਤਆਲਾ ਤੋਂ ਡਰਦਾ ਰਹੇ ਅਤੇ **ਪੰਜ** ਵੇਲੇ ਉਸਦੇ ਹਜ਼ੂਰ ਦੁਆ ਕਰਦਾ ਰਹੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਬਸ ਇਹੋ ਮਿਆਰ ਹਨ ਜਿਸ ਦੀ ਆਪ ਅਲੈਹਿੱਸ੍ ਸਲਾਮ ਨੇ ਹਮੇਸ਼ਾ ਆਪਣੇ ਮੰਨਣ ਵਾਲਿਆਂ ਨੂੰ ਤਲਕ਼ੀਨ ਕੀਤੀ। ਆਪ ਅਲੈਹਿੱਸ੍ ਸਲਾਮ ਨੂੰ ਹਰ ਵੇਲੇ ਸਿਰਫ਼ ਇਹੀ ਖ਼ਿਆਲ ਰਹਿੰਦਾ ਸੀ ਕਿ ਮੇਰੇ ਮੰਨਣ ਵਾਲੇ ਬਲਕਿ ਹਰ ਮੋਮਿਨ ਇਨਸਾਨ ਅਜਿਹਾ ਹੋਵੇ ਜਿਸ ਵਿੱਚ **ਖ਼ੁਦਾ ਖ਼ੌਫ਼ੀ** (ਖ਼ੁਦਾ ਤਆਲਾ ਦਾ ਭੈ) ਹੋਵੇ ਅਤੇ ਉਹ ਹਮੇਸ਼ਾ ਇਬਾਦਤ ਦੇ ਵੱਲ ਤਵੱਜੋ ਰੱਖਣ ਵਾਲਾ ਹੋਵੇ।

ਇਸੇ ਤਰ੍ਹਾਂ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਿਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਨੇ ਇੱਕ ਹੋਰ ਵਾਕ਼ਿਆ ਬਿਆਨ ਕੀਤਾ ਕਿ ਮੀਆਂ ਮੁਹੰਮਦ ਅਬਦੁੱਲਾਹ ਸਾਹਿਬ ਸਨੌਰੀ ਰਜ਼ਿ ਅੱਲਾਹੁ ਅਨਹੁ ਨੇ ਦੱਸਿਆ ਕਿ ਹਜ਼ਰਤ ਸਾਹਿਬ ਨੇ 1884 ਈ: ਵਿੱਚ ਇਰਾਦਾ ਕੀਤਾ ਕਿ ਕਾਦੀਆਂ ਤੋਂ ਬਾਹਰ ਜਾ ਕੇ ਚਿੱਲਾ ਕਸ਼ੀ ਕਰਨ ਅਤੇ ਹਿੰਦੁਸਤਾਨ ਦੀ ਸੈਰ ਵੀ ਕਰਨ। ਪਹਿਲਾਂ ਸੁਜਾਨਪੁਰ ਜ਼ਿਲ੍ਹਾ ਗੁਰਦਾਸਪੁਰ ਵਿੱਚ ਜਾ ਕੇ ਇਕਾਂਤ ਵਿੱਚ ਰਹਿਣ ਦਾ ਇਰਾਦਾ ਕੀਤਾ ਲੇਕਿਨ ਬਾਅਦ ਵਿੱਚ ਇਲਹਾਮ ਹੋਇਆ ਕਿ ਤੇਰੀ **ਉਕ਼ਦਾ ਕੁਸ਼ਾਈ** ਹੁਸ਼ਿਆਰਪੁਰ ਵਿੱਚ ਹੋਵੇਗੀ। ਚੁਨਾਂਚਿ ਜਨਵਰੀ 1886 ਈ: ਵਿੱਚ ਹੁਸ਼ਿਆਰਪੁਰ ਜਾਣ ਤੋਂ ਪਹਿਲਾਂ ਮੈਨੂੰ ਕਾਦੀਆਂ ਬੁਲਾ ਲਿਆ ਗਿਆ ਅਤੇ ਸ਼ੇਖ਼ ਮਿਹਰ ਅਲੀ ਰਈਸ ਹੁਸ਼ਿਆਰਪੁਰ ਨੂੰ ਖ਼ਤ ਲਿਖਿਆ ਗਿਆ ਕਿ ਮੈਂ ਦੋ ਮਹੀਨਿਆਂ ਦੇ ਲਈ ਹੁਸ਼ਿਆਰਪੁਰ ਆਉਣਾ ਚਾਹੁੰਦਾ ਹਾਂ। ਸ਼ਹਿਰ ਦੇ ਕਿਨਾਰੇ ‘ਤੇ ਉੱਚੇ ਵਾਲੇ ਮਕਾਨ ਦਾ ਇੰਤਿਜ਼ਾਮ ਕੀਤਾ ਜਾਵੇ। ਉਨ੍ਹਾਂ ਨੇ ਆਪਣਾ ਇੱਕ **ਤਵੇਲੇ** ਦੇ ਨਾਮ ਨਾਲ ਮਸ਼ਹੂਰ ਮਕਾਨ ਖ਼ਾਲੀ ਕਰ ਦਿੱਤਾ। ਹਜ਼ੂਰ ਬੈਲ ਗੱਡੀ ਵਿੱਚ ਬਹਿ ਕੇ ਬਿਆਸ ਦਰਿਆ ਦੇ ਰਸਤੇ ਤਸ਼ਰੀਫ਼ ਲੈ ਗਏ। ਨਾਲ ਹਜ਼ਰਤ ਮੀਆਂ ਅਬਦੁੱਲਾਹ ਰਜ਼ਿ ਅੱਲਾਹੁ ਅਨਹੁ, ਹਜ਼ਰਤ ਸ਼ੇਖ ਹਾਮਿਦ ਅਲੀ ਰਜ਼ਿ ਅੱਲਾਹੁ ਅਨਹੁ ਅਤੇ ਫ਼ਤਿਹ ਖ਼ਾਨ ਸਨ। ਦਰਿਆ ਪਾਰ ਕਰਨ ਦੇ ਲਈ ਕਸ਼ਤੀ ਲਈ। ਜਦ ਕਸ਼ਤੀ ਚੱਲ ਰਹੀ ਸੀ ਤਾਂ ਹਜ਼ੂਰ ਅਲੈਹਿੱਸ੍ ਸਲਾਮ ਨੇ ਫ਼ਰਮਾਇਆ ਕਿ ਮੀਆਂ ਅਬਦੁੱਲਾਹ ਕਾਮਿਲ ਦੀ ਸੋਹਬਤ ਇਸ ਦਰਿਆ ਦੇ ਸਫ਼ਰ ਵਾਂਗ ਹੈ ਜਿਸ ਵਿੱਚ ਪਾਰ ਹੋਣ ਦੀ ਵੀ ਉਮੀਦ ਹੈ ਅਤੇ ਡੁੱਬਣ ਦਾ ਵੀ ਅੰਦੇਸ਼ਾ ਹੈ। ਕਹਿੰਦੇ ਹਨ ਕਿ ਮੈਂ ਹਜ਼ੂਰ ਅਲੈਹਿੱਸ੍ ਸਲਾਮ ਦੀ ਇਹ ਗੱਲ ਸਰਸਰੀ ਤੌਰ ‘ਤੇ ਸੁਣੀ ਲੇਕਿਨ ਬਾਅਦ ਵਿੱਚ ਜਦ ਫ਼ਤਿਹ ਖ਼ਾਨ **ਮੁਰਤਦ** ਹੋਇਆ ਤਾਂ ਇਹ ਗੱਲ ਯਾਦ ਆਈ।

ਹਜ਼ੂਰ ਨੇ ਦਸਤੀ ਇਸ਼ਤਿਹਾਰ ਦੇ ਜ਼ਰੀਆ ਐਲਾਨ ਕਰ ਦਿੱਤਾ ਕਿ 40 ਦਿਨ ਤੱਕ ਮੈਨੂੰ ਕੋਈ ਸਾਹਿਬ ਮਿਲਣ ਨਾ ਆਵੇ ਅਤੇ ਨਾ ਕੋਈ ਸਾਹਿਬ ਮੈਨੂੰ ਦਾਵਤ ਦੇ ਲਈ ਬੁਲਾਵੇ। ਇਨ੍ਹਾਂ 40 ਦਿਨਾਂ ਦੇ ਲੰਘਣ ਦੇ ਬਾਅਦ ਮੈਂ 20 ਦਿਨ ਹੋਰ ਠਹਿਰਾਂਗਾ। ਇਨ੍ਹਾਂ ਵੀਹਾਂ ਦਿਨਾਂ ਵਿੱਚ **ਮੁਲਾਕ਼ਾਤ** ਅਤੇ ਸਵਾਲ ਜਵਾਬ ਦੀ ਇਜਾਜ਼ਤ ਹੋਵੇਗੀ। ਸਾਨੂੰ ਵੀ ਹੁਕਮ ਦਿੱਤਾ ਕਿ ਦਹਿਲੀਜ਼ ਦੇ ਅੰਦਰ ਕੁੰਡੀ ਹਰ ਵੇਲੇ ਲੱਗੀ ਰਹੇ। ਘਰ ਵਿੱਚ ਵੀ ਕੋਈ ਸ਼ਖ਼ਸ ਮੈਨੂੰ ਨਾ ਬੁਲਾਵੇ। ਕੋਈ ਉੱਪਰ ਨਾ ਆਵੇ। ਨਮਾਜ਼ ਦੀ ਉੱਪਰ ਅਦਾ ਕਰਾਂਗਾ। ਨਮਾਜ਼ਿ ਜੁਮਆ ਦੇ ਲਈ ਆਪ ਅਲੈਹਿੱਸ੍ ਸਲਾਮ ਨੇ ਇਹ ਫ਼ਰਮਾਇਆ ਕਿ ਕੋਈ ਵਿਰਾਨ ਜਿਹੀ ਮਸਜਿਦ ਤਲਾਸ਼ ਕਰੋ ਜਿਹੜੀ ਸ਼ਹਿਰ ਦੇ ਇੱਕ ਪਾਸੇ ਹੋਵੇ, ਜਿੱਥੇ ਅਸੀਂ ਅਲੈਹਦਗੀ ਵਿੱਚ ਨਮਾਜ਼ ਅਦਾ ਕਰ ਸਕੀਏ।

ਇੱਕ ਵਾਰ ਹਜ਼ਰਤ ਸਾਹਿਬ ਨੇ ਮੈਨੂੰ ਫ਼ਰਮਾਇਆ ਕਿ ਮੀਆਂ ਅਬਦੁੱਲਾਹ ਇਨ੍ਹਾਂ ਦਿਨਾਂ ਵਿੱਚ ਮੇਰੇ ‘ਤੇ ਵੱਡੇ ਵੱਡੇ ਖ਼ੁਦਾ ਤਆਲਾ ਨੇ ਫ਼ਜ਼ਲ ਦੇ **ਬੂਹੇ** ਖੋਲ੍ਹੇ ਹਨ ਅਤੇ ਕਈ ਵਾਰ ਦੇਰ ਤੱਕ ਖ਼ੁਦਾ ਤਆਲਾ ਮੇਰੇ ਨਾਲ ਗੱਲਾਂ ਕਰਦਾ ਰਹਿੰਦਾ ਹੈ। ਜੇਕਰ ਇਨ੍ਹਾਂ ਵਾਕ਼ਿਆਤ ਨੂੰ ਲਿਖਿਆ ਜਾਵੇ ਤਾਂ ਉਹ ਕਈ **ਸਫ਼ੇ** ਹੋ ਜਾਵਣ। ਚੁਨਾਂਚਿ ਮੀਆਂ ਅਬਦੁੱਲਾਹ ਸਾਹਿਬ ਕਹਿੰਦੇ ਹਨ ਕਿ **ਪਿਸਰਿ ਮੌਊਦ** ਦੇ ਬਾਰੇ ਇਲਹਾਮ ਵੀ ਇਸੇ ਚਿੱਲੇ ਵਿੱਚ ਹੋਏ ਸਨ ਅਤੇ ਚਿੱਲੇ ਦੇ ਬਾਅਦ ਹੁਸ਼ਿਆਰਪੁਰ ਤੋਂ ਹੀ ਆਪ ਅਲੈਹਿੱਸ੍ ਸਲਾਮ ਨੇ ਇਸ ਭਵਿੱਖਬਾਣੀ ਦਾ ਐਲਾਨ ਫ਼ਰਮਾਇਆ ਸੀ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਹ 20 ਫ਼ਰਵਰੀ 1886 ਈ: ਦਾ ਇਸ਼ਤਿਹਾਰ ਹੈ ਜਿਹੜਾ ਜਮਾਅਤ ਵਿੱਚ **ਪੇਸ਼ਗੋਈ ਮੁਸਲਿਹ ਮੌਊਦ** ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਹ ਵੀ ਇੱਕ ਖ਼ਾਸ ਇੱਤਿਫ਼ਾਕ਼ ਹੈ ਕਿ ਅੱਜ 20 ਫ਼ਰਵਰੀ ਹੈ ਅਤੇ ਮੁਸਲਿਹ ਮੌਊਦ ਦੀ ਪੇਸ਼ਗੋਈ ਦੀ ਬੜੀ ਸ਼ਾਨ ਨਾਲ ਪੂਰਾ ਹੋਣ ਦਾ ਦਿਨ ਵੀ ਹੈ। ਉਹ ਮੁਸਲਿਹ ਮੌਊਦ ਜਿਹੜਾ ਪੇਸ਼ਗੋਈ ਦੇ ਮੁਤਾਬਿਕ਼ ਪੈਦਾ ਹੋਇਆ। 52 ਸਾਲ ਖ਼ਿਲਾਫ਼ਤ ਉਸ ਦੀ ਕ਼ਾਇਮ ਰਹੀ ਅਤੇ ਅੱਲਾਹ

ਤਆਲਾ ਨੇ ਉਸਨੂੰ ਕਾਮਯਾਬੀ ਨਾਲ ਨਵਾਜ਼ਿਆ। ਉਹ ਸਾਰੀਆਂ ਪੇਸ਼ਗੋਈਆਂ ਇਲਹਾਮ ਅਤੇ ਗੱਲਾਂ ਜਿਹੜੀਆਂ ਪੇਸ਼ਗੋਈ ਮੁਸਲਿਹ ਮੌਊਦ ਵਿੱਚ ਸਨ ਉਹ ਸਭ ਹਜ਼ਰਤ ਮਿਰਜ਼ਾ ਬਸ਼ੀਰੁੱਦ੍ ਦੀਨ ਮਹਿਮੂਦ ਅਹਿਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਵਿੱਚ ਪੂਰੀਆਂ ਹੋਈਆਂ। ਇੱਤਿਫ਼ਾਕ਼ ਮੈਂ ਇਸ ਲਈ ਕਹਿ ਰਿਹਾ ਹਾਂ ਕਿ ਇਹ ਵਾਕ਼ਿਆ ਅੱਜ ਹੀ ਦੇ ਦਿਨ ਮੇਰੇ ਸਾਹਮਣੇ ਆ ਗਿਆ ਨਹੀਂ ਤਾਂ ਅੱਗੇ ਪਿੱਛੇ ਵੀ ਆ ਸਕਦਾ ਸੀ ਲੇਕਿਨ ਅੱਲਾਹ ਤਆਲਾ ਦੀ ਇਸੇ ਵਿੱਚ ਇਹ ਹਿਕਮਤ ਸੀ ਕਿ ਅੱਜ ਦੇ ਦਿਨ ਹੀ ਆਵੇ ਅਤੇ ਮੈਂ ਬਿਆਨ ਵੀ ਕਰਾਂ। ਇਸ ਦੇ ਅੱਜ ਕੱਲ **ਜਲਸੇ** ਵੀ ਜਮਾਅਤ ਵਿੱਚ ਹੋ ਰਹੇ ਹਨ ਅਤੇ ਇਸ ਨਾਲ ਇਤਿਹਾਸ ਦਾ ਵੀ ਪਤਾ ਲੱਗ ਜਾਂਦਾ ਹੈ। **ਐਮ.ਟੀ.ਏ** 'ਤੇ ਵੀ ਪ੍ਰੋਗਰਾਮ ਆ ਰਹੇ ਹਨ, ਉਨ੍ਹਾਂ ਤੋਂ ਵੀ ਇਤਿਹਾਸ ਦਾ ਪਤਾ ਲੱਗ ਜਾਂਦਾ ਹੈ, ਉਨ੍ਹਾਂ ਨੂੰ ਦੇਖਣਾ ਚਾਹੀਦਾ ਹੈ। ਹਜ਼ੂਰ ਅਨਵਰ ਨੇ ਫ਼ਰਮਾਇਆ: ਉਨ੍ਹੀਂ ਦਿਨੀਂ ਫ਼ਤਿਹ ਖ਼ਾਨ ਬੜੀ ਸ਼ਰਧਾ ਰੱਖਣ ਵਾਲਾ ਸੀ ਅਤੇ ਕਹਿੰਦਾ ਸੀ ਕਿ ਮੈਂ ਹਜ਼ਰਤ ਸਾਹਿਬ ਨੂੰ ਨਬੀ ਸਮਝਦਾ ਹਾਂ ਪਰ ਜਦ ਉਸਨੂੰ ਠੋਕਰ ਲੱਗੀ ਤਾਂ ਉਹ ਮੁਰਤਦ ਹੋ ਗਿਆ।

ਇਸ ਸੰਦਰਭ ਵਿੱਚ ਹਜ਼ੂਰ ਅਨਵਰ ਨੇ ਤਵੱਜੋ ਦਵਾਈ ਕਿ ਇਸ ਲਈ ਇਨਸਾਨ ਨੂੰ ਹਮੇਸ਼ਾ ਆਪਣੇ **ਅੰਜਾਮ ਬ-ਖ਼ੈਰ** ਦੀ ਦੁਆ ਅਤੇ ਆਪਣੀ ਇਮਾਨ ਦੀ ਮਜ਼ਬੂਤੀ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ ਅਤੇ ਇਸ ਦੇ ਲਈ ਦੁਆ ਵੀ ਮੰਗਣੀ ਚਾਹੀਦੀ ਹੈ ਅਤੇ ਖ਼ਾਸ ਤੌਰ 'ਤੇ ਇਨ੍ਹਾਂ ਦੁਆਵਾਂ ਵਿੱਚ, ਜਿਹੜੀਆਂ ਰਮਜ਼ਾਨ ਵਿੱਚ ਕਰੋ, ਇਹ ਦੁਆ ਹਰ ਇੱਕ ਨੂੰ ਕਰਨੀ ਚਾਹੀਦੀ ਹੈ ਕਿ ਅੱਲਾਹ ਤਆਲਾ ਸਾਡਾ ਅੰਜਾਮ ਬ-ਖ਼ੈਰ ਕਰੇ ਅਤੇ ਇਮਾਨ ਵਿੱਚ ਮਜ਼ਬੂਤ ਰੱਖੇ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਸੇ ਤਰ੍ਹਾਂ ਇੱਕ ਹੋਰ ਵਾਕ਼ਿਆ ਆਪ ਅਲੈਹਿੱਸ੍ ਸਲਾਮ ਦੇ ਨਮਾਜ਼ ਪੜ੍ਹਨ ਦੇ ਬਾਰੇ ਹੈ। ਜਦ ਲੋਕ ਨਮਾਜ਼ ਦੇ **ਫ਼ਿਕ਼ਹੀ ਮਸਲਿਆਂ** ਬਾਰੇ ਸਵਾਲ ਕਰਦੇ ਹਨ ਕਿ ਕਿਸ ਤਰ੍ਹਾਂ ਹੱਥ ਬੰਨ੍ਹਣੇ ਚਾਹੀਦੇ ਹਨ ਅਤੇ ਨਮਾਜ਼ ਦੀਆਂ ਵੱਖ-ਵੱਖ ਹਰਕਤਾਂ ਕਿਸ ਤਰ੍ਹਾਂ ਹਨ? ਮੀਆਂ ਅਲੀ ਮੁਹੰਮਦ ਸਾਹਿਬ ਰਜ਼ਿ ਅੱਲਾਹੁ ਅਨਹੁ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਨਮਾਜ਼ ਦਾ ਤਰੀਕ਼ਾ ਬਿਆਨ ਕਰਦੇ ਹਨ ਕਿ ਇੱਕ ਵਾਰ ਮੈਂ ਹਜ਼ੂਰ ਅਲੈਹਿੱਸ੍ ਸਲਾਮ ਨੂੰ ਨਮਾਜ਼ਿ ਸੁੰਨਤ ਪੜ੍ਹਦੇ ਹੋਏ ਦੇਖਿਆ। ਹਜ਼ੂਰ ਨੇ ਹੱਥ ਧੁੰਨੀ ਤੋਂ ਉੱਪਰ ਬੰਨ੍ਹੇ ਹੋਏ ਸਨ ਅਤੇ ਸੱਜੇ ਹੱਥ ਦੀ ਵਿਚਕਾਰਲੀ ਉਂਗਲੀ ਕੂਹਣੀ ਤੱਕ ਪਹੁੰਚੀ ਹੋਈ ਸੀ ਬਲਕਿ ਕੁੱਝ ਪਿੱਛੇ ਹੀ ਸੀ। ਸਜਦਾ ਕਰਦੇ ਹੋਏ ਆਪ ਅਲੈਹਿੱਸ੍ ਸਲਾਮ ਦੋਵੇਂ ਹੱਥਾਂ ਦੇ ਦਰਮਿਆਨ ਮੱਥਾ ਅਤੇ ਨੱਕ ਜ਼ਮੀਨ 'ਤੇ ਰੱਖਦੇ ਸਨ ਅਤੇ ਉਂਗਲੀਆਂ ਸਿੱਧੀਆਂ ਕਅਬੇ ਦੇ ਵੱਲ ਹੁੰਦੀਆਂ ਸਨ ਅਤੇ ਜਦ ਆਪ ਅਲੈਹਿੱਸ੍ ਸਲਾਮ ਸਜਦੇ 'ਚੋਂ ਉੱਠਦੇ ਸਨ ਤਾਂ ਕਿਉਂਕਿ ਆਪ ਅਲੈਹਿੱਸ੍ ਸਲਾਮ ਦੀ ਦਸਤਾਰ ਮੁਬਾਰਕ ਢਿੱਲੀ ਹੁੰਦੀ ਸੀ, ਪਿੱਛੇ ਹਟ ਜਾਂਦੀ ਸੀ, ਉਸ ਨੂੰ ਉਂਗਲੀ ਨਾਲ ਸਿੱਧਾ ਕਰ ਲੈਂਦੇ ਸਨ।

ਹਜ਼ਰਤ ਮਾਸਟਰ ਨਜ਼ੀਰ ਹੁਸੈਨ ਸਾਹਬ ਰਜ਼ਿ ਅੱਲਾਹੁ ਅਨਹੁ ਆਪ ਅਲੈਹਿੱਸ੍ ਸਲਾਮ ਦੀ ਤਹੱਜੁਦ ਦੀ ਨਮਾਜ਼ ਦੀ ਹਾਲਤ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਰਾਤ ਦੇ ਕੋਈ ਤਿੰਨ ਵਜੇ ਹਜ਼ੂਰ ਅਲੈਹਿੱਸ੍ ਸਲਾਮ ਨੂੰ ਦੇਖਿਆ ਤਾਂ ਹਜ਼ੂਰ ਨਮਾਜ਼ ਪੜ੍ਹ ਰਹੇ ਸਨ। ਮੈਂ ਵੀ **ਵਜ਼ੂ** ਕਰਕੇ ਹਜ਼ੂਰ ਦੇ ਪਿੱਛੇ ਕੁੱਝ ਫ਼ਾਸਲੇ 'ਤੇ ਨਮਾਜ਼ ਪੜ੍ਹਨ ਲੱਗ ਗਿਆ। ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਹਜ਼ੂਰ ਜਿੰਨਾ ਕ਼ਿਆਮ ਜਾਂ ਰੁਕੂਅ ਜਾਂ ਸਜਦਾ ਕਰਨ ਦੀ ਕੋਸ਼ਿਸ਼ ਕਰਾਂ ਪਰ ਨਾ ਕਰ ਸਕਿਆ। ਸਿਰਫ਼ ਦੋ **ਰਕਅਤਾਂ** ਵਿੱਚ ਹੀ ਮੈਂ ਸਖ਼ਤ ਥੱਕ ਗਿਆ ਅਤੇ ਹਜ਼ੂਰ ਅਜੇ ਉਸੇ ਰਕਅਤ ਵਿੱਚ ਹੀ ਸਨ ਜਿਸ ਵਿੱਚ ਦਾਸ ਸ਼ਾਮਿਲ ਹੋਇਆ ਸੀ। ਕਹਿੰਦੇ ਹਨ ਕਿ ਦਿਨ ਦੇ ਵੇਲੇ ਜਦ ਹਜ਼ੂਰ ਦੇ ਆਲੇ ਦੁਆਲੇ ਅਸੀਂ ਬੈਠੇ ਹੋਏ ਸਾਂ ਅਤੇ ਹਜ਼ੂਰ ਜਮਾਅਤ ਨੂੰ ਤਹੱਜੁਦ ਪੜ੍ਹਨ ਦੀ ਤਾਕੀਦ ਫ਼ਰਮਾ ਰਹੇ ਸਨ ਤਾਂ ਦਾਸ ਨੇ ਅਰਜ਼ ਕੀਤਾ ਕਿ ਜੇਕਰ ਨਾ ਪੜ੍ਹੀ ਜਾਵੇ ਤਾਂ ਫਿਰ ਘੱਟੋ ਘੱਟ ਕੀ ਕੀਤਾ ਜਾਵੇ? ਇਸ 'ਤੇ ਹਜ਼ੂਰ ਅਲੈਹਿੱਸ੍ ਸਲਾਮ ਨੇ ਫ਼ਰਮਾਇਆ ਕਿ ਉਸ ਵੇਲੇ **ਅਸਤਗ਼ਫ਼ਾਰ** ਬਹੁਤ ਜ਼ਿਆਦਾ ਪੜ੍ਹੋ, ਖ਼ੁਦਾ ਦੀ **ਤਸਬੀਹ** ਅਤੇ **ਤਹਮੀਦ** ਬਹੁਤ ਜ਼ਿਆਦਾ ਕਰੋ। ਇਸ ਨਾਲ ਫਿਰ ਤਹੱਜੁਦ ਪੜ੍ਹਨ ਦੀ ਤੌਫ਼ੀਕ਼ ਮਿਲ ਜਾਂਦੀ ਹੈ।

ਹਜ਼ੂਰ ਅਨਵਰ ਨੇ ਤਵੱਜੋ ਦਵਾਈ ਕਿ ਹੁਣ ਇਹ ਜਿਹੜੀਆਂ ਦੁਆਵਾਂ ਆਪ ਅਲੈਹਿੱਸ੍ ਸਲਾਮ ਨੇ ਸਿਖਾਈਆਂ ਹਨ, ਇਸ ਲਈ ਨਹੀਂ ਹਨ ਕਿ ਤਹੱਜੁਦ ਦਾ ਬਦਲ ਹੋ ਜਾਣਗੀਆਂ ਬਲਕਿ ਇਸ ਲਈ ਹਨ ਕਿ ਇਨ੍ਹਾਂ ਨਾਲ ਤਹੱਜੁਦ ਪੜ੍ਹਨ ਦੀ ਤੌਫ਼ੀਕ਼ ਮਿਲੇਗੀ। ਬਸ ਇਹ ਉਹ ਨੁਸਖ਼ਾ ਹੈ ਜਿਸ ਨੂੰ ਸਾਨੂੰ ਵੀ ਸੁਸਤੀ ਦੇ ਦਿਨਾਂ ਵਿੱਚ ਅਪਣਾਉਣਾ ਚਾਹੀਦਾ ਹੈ।

ਅੱਜ ਕੱਲ ਅਸੀਂ **ਰਮਜ਼ਾਨ** ਵਿੱਚੋਂ ਲੰਘ ਰਹੇ ਹਾਂ ਅਤੇ ਤਹੱਜੁਦ ਦੀ ਕੁੱਝ ਨਾ ਕੁੱਝ ਤੌਫ਼ੀਕ਼ ਤਾਂ ਮਿਲ਼ ਹੀ ਜਾਂਦੀ ਹੈ। ਜੇਕਰ ਨਹੀਂ ਵੀ ਮਿਲ਼ਦੀ ਤਾਂ ਕੋਸ਼ਿਸ਼ ਕਰਨੀ ਚਾਹੀਦੀ ਹੈ। ਬੇਸ਼ਕ ਮਸਜਿਦ ਵਿੱਚ ਤਰਾਵੀਹ ਵੀ ਪੜ੍ਹਾਈ ਜਾਂਦੀ ਹੈ ਅਤੇ ਇਹ ਕਮਜ਼ੋਰਾਂ ਜਾਂ ਅਜਿਹੇ ਲੋਕਾਂ ਦੇ ਲਈ ਹੈ ਜਿਹੜੇ ਸਵੇਰੇ ਸਵੇਰੇ ਵਕ਼ਤ 'ਤੇ ਨਹੀਂ ਉੱਠ ਸਕਦੇ ਜਾਂ ਜ਼ਿਆਦਾ ਵਕ਼ਤ ਨਹੀਂ ਦੇ ਸਕਦੇ, ਮੁਤਬਾਦਿਲ ਦੇ ਤੌਰ 'ਤੇ ਹੁੰਦੀ ਹੈ। ਪਰ ਇਹ ਅਜਿਹਾ ਮੁਤਬਾਦਿਲ ਨਹੀਂ ਜਿਹੜਾ ਪੂਰਾ ਹੱਕ਼ ਅਦਾ ਕਰ ਸਕੇ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੁੰਨਤ ਅਤੇ ਆਪ ﷺ ਦੇ ਗ਼ੁਲਾਮਿ ਸਾਦਿਕ਼ ਦਾ ਤਰੀਕ਼ਾ ਤਾਂ ਇਹੀ ਹੈ ਕਿ ਰਾਤ ਨੂੰ ਉੱਠ ਕੇ ਤਹੱਜੁਦ ਪੜ੍ਹੀ ਜਾਵੇ। ਇਸ ਲਈ ਚਾਹੀਦਾ ਹੈ ਕਿ ਬੇਸ਼ਕ ਤਰਾਵੀਹ ਪੜ੍ਹ ਵੀ ਲਈ ਹੋਵੇ ਕੋਸ਼ਿਸ਼ ਇਹੀ ਕਰਨੀ ਚਾਹੀਦੀ ਹੈ ਕਿ ਦੋ ਨਫ਼ਲ ਜਾ ਚਾਰ ਨਫ਼ਲ ਹੀ ਸਹੀ ਪਰ ਨਮਾਜ਼ਿ ਤਹੱਜੁਦ ਜ਼ਰੂਰ ਪੜ੍ਹੀਏ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ: ਹਜ਼ੂਰ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ **ਦੁਨੀਆਦਾਰੀ** ਬਿਲਕੁਲ ਛੱਡ ਵੀ ਨਹੀਂ ਦੇਣੀ ਚਾਹੀਦੀ। ਜਿਹੜੇ ਅੱਲਾਹ ਤਆਲਾ ਨੇ ਇਨਾਮ ਦਿੱਤੇ ਹਨ ਉਨ੍ਹਾਂ ਦੀ ਕ਼ਦਰ ਵੀ ਕਰਨੀ ਹੈ। ਹਰੇਕ ਨੂੰ ਆਪਣੇ ਹਾਲਾਤ ਵੀ ਦੇਖਣੇ ਚਾਹੀਦੇ ਹਨ ਕਿ ਦੁਨੀਆ ਵਿੱਚ ਇੰਨੇ ਨਾ ਡੁੱਬ ਜਾਈਏ ਕਿ ਬਿਲਕੁਲ ਡੁੱਬ ਜਾਈਏ ਅਤੇ ਇੰਨਾ ਵੀ ਦੁਨੀਆ ਨੂੰ ਨਾ ਛੱਡ ਦਈਏ ਕਿ ਜਿਹੜੇ ਦੁਨੀਆ ਦੇ ਹੱਕ਼ ਹਨ ਉਹ ਵੀ ਖ਼ਤਮ ਹੋ ਜਾਣ। ਇੱਕ ਸਮੋਈ ਹੋਈ ਇਸਲਾਮ ਦੀ ਸਿੱਖਿਆ ਹੈ ਉਸਨੂੰ ਇਖ਼ਤਿਆਰ ਕਰਨਾ ਚਾਹੀਦਾ ਹੈ।

ਖ਼ੁਤਬਾ ਸਾਨੀਆ ਤੋਂ ਪਹਿਲਾਂ ਹਜ਼ੂਰ ਅਨਵਰ ਨੇ ਰਮਜ਼ਾਨੁਲ ਮੁਬਾਰਕ ਦੇ ਮਹੀਨੇ ਦੀ ਮੁਨਾਸਬਤ ਨਾਲ਼ ਇਬਾਦਤ ਦਾ **ਹੱਕ਼** ਅਦਾ ਕਰਨ, **ਮਜ਼ਲੂਮ** ਅਹਿਮਦੀਆਂ ਅਤੇ **ਅਸੀਰਾਨਿ ਰਾਹਿ ਮੌਲਾ** (ਜਿਹੜੇ ਅੱਲਾਹ ਤਆਲਾ ਦੀ ਰਾਹ ਵਿੱਚ ਕ਼ੈਦ ਹਨ) ਦੇ ਲਈ ਅਤੇ **ਉੱਮਤਿ ਮੁਸਲਿਮਾ** ਦੇ ਲਈ ਅਤੇ ਦੁਨੀਆ ਨੂੰ **ਤਬਾਹੀ** ਤੋਂ ਬਚਾਉਣ ਲਈ ਖ਼ਾਸ ਦੁਆਵਾਂ ਦੀ ਤਹਿਰੀਕ ਫ਼ਰਮਾਈ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞